# ਨਿਊਜ਼ ਰਿਲੀਜ਼

# ਐਲਬਰਟਾ ਦੇ ਬੱਚਿਆਂ ਨੂੰ ਸਕੂਲ 'ਚ ਵਾਪਸ ਲਿਆਉਣਾ

27 ਅਕਤੂਬਰ 2025

---

ਜੇਕਰ ਪਾਸ ਹੋ ਜਾਂਦਾ ਹੈ ਤਾਂ ਬਿੱਲ 2, ਬੈਕ ਟੂ ਸਕੂਲ ਐਕਟ, ਐਲਬਰਟਾ ਦੇ ਵਿਦਿਅਕ ਪ੍ਰਬੰਧ 'ਚ ਸਥਿਰਤਾ ਨੂੰ ਪੁਨਰ-ਸਥਾਪਤ ਕਰੇਗਾ ਅਤੇ ਯਕੀਨੀ ਬਣਾਵੇਗਾ ਕਿ ਵਿਦਿਆਰਥੀ ਬਿਨਾਂ ਕਿਸੇ ਹੋਰ ਵਿਘਨ ਤੋਂ ਆਪਣੀ ਸਿੱਖਿਆ ਵੱਲ ਨੂੰ ਵਾਪਸ ਆ ਸਕਣ।

ਚੱਲ ਰਹੀ ਅਧਿਆਪਕਾਂ ਦੀ ਹੜਤਾਲ ਨੇ ਐਲਬਰਟਾ ਭਰ 'ਚ ਕਲਾਸਰੂਮਾਂ 'ਚ ਵਿਘਨ ਪਾਇਆ, ਵਿਦਿਆਰਥੀਆਂ ਦੀ ਪੜ੍ਹਾਈ ਨੂੰ ਪਿੱਛੇ ਪਾਇਆ ਅਤੇ ਪ੍ਰਾਪਤੀਆਂ ਦੇ ਖੱਪਿਆਂ ਨੂੰ ਵਧਾਇਆ ਹੈ। ਹਰੇਕ ਦਿਨ ਜਦੋਂ ਸਕੂਲ ਬੰਦ ਰਹਿੰਦਾ ਹੈ, ਵਿਦਿਆਰਥੀ ਆਪਣਾ ਪੜ੍ਹਾਈ ਦਾ ਬਹੁਤ ਜ਼ਰੂਰੀ ਸਮਾਂ, ਰੁਟੀਨ ਅਤੇ ਸਹਾਇਤਾ ਗੁਆ ਲੈਂਦੇ ਹਨ। ਸੁਝਾਇਆ ਗਿਆ ਇਹ ਵਿਧਾਨ ਹੜਤਾਲ ਨੂੰ ਖਤਮ ਕਰੇਗਾ ਅਤੇ ਅਧਿਆਪਕਾਂ ਦੇ ਨਵੇਂ ਸਮੂਹਿਕ ਸਮਝੌਤੇ ਵਾਸਤੇ ਵਾਜ਼ਬ ਸ਼ਰਤਾਂ ਸਥਾਪਤ ਕਰੇਗਾ।

"ਇਹ ਹੜਤਾਲ ਵਾਹਵਾ ਲੰਮਾ ਸਮਾਂ ਚੱਲ ਚੁੱਕੀ ਹੈ। ਇਹ ਸਪੱਸ਼ਟ ਹੈ ਕਿ ਅਗਾਂਹ ਕੋਈ ਰਸਤਾ ਨਹੀਂ, ਬਗੈਰ ਇਸ ਦੇ ਕਿ ਅਸੀਂ ਕਾਰਵਾਈ ਕਰੀਏ। *ਬੈਕ ਟੂ ਸਕੂਲ ਐਕਟ* ਹਰੇਕ ਦਾ ਧਿਆਨ ਉਸ ਗੱਲ 'ਤੇ ਲਾਉਂਦਾ ਹੈ ਜੋ ਸਭ ਤੋਂ ਜ਼ਰੂਰੀ ਹੈ, ਉਹ ਹੈ ਐਲਬਰਟਾ ਦੇ ਵਿਦਿਆਰਥੀਆਂ ਦੀ ਸਿੱਖਿਆ। ਬਿੱਲ 2 ਵਿਦਿਆਰਥੀਆਂ ਨੂੰ ਸਾਡੇ ਸਿਸਟਮ ਦੇ ਕੇਂਦਰ 'ਚ ਵਾਪਸ ਲਿਆਉਂਦਾ ਹੈ, ਜਦੋਂ ਕਿ ਅਸੀਂ ਐਲਬਰਟਾ ਦੇ ਸਕੂਲਾਂ ' ਚ ਚਿਰ-ਸਥਾਈ ਸਥਿਰਤਾ ਬਣਾਉਣ ਵਾਸਤੇ ਅਧਿਆਪਕਾਂ ਅਤੇ ਪਰਿਵਾਰਾਂ ਨਾਲ ਰਲ਼ ਕੇ ਕੰਮ ਕਰਨਾਂ ਜਾਰੀ ਰੱਖਦੇ ਹਾਂ।"
*Danielle Smith, ਪ੍ਰੀਮੀਅਰ*

ਬੈਕ ਟੂ ਸਕੂਲ ਐਕਟ ਸਤੰਬਰ 2025 ਦੇ ਅਸਥਾਈ ਸਮਝੌਤੇ ਦੀਆਂ ਸ਼ਰਤਾਂ ਨੂੰ ਵਿਧਾਨਿਕ ਬਣਾਉਂਦਾ ਹੈ, ਜਿਹੜੀਆਂ ਚਾਰ ਸਾਲਾਂ ਦੌਰਾਨ ਤਨਖਾਹਾਂ 'ਚ 12 ਪ੍ਰਤੀਸ਼ਤ ਦਾ ਵਾਧਾ ਮੁਹੱਈਆ ਕਰਦੀਆਂ, ਬਹੁਤੇ ਅਧਿਆਪਕਾਂ ਲਈ 17 ਪ੍ਰਤੀਸ਼ਤ ਵਧੀਕ ਮਾਰਕੀਟ ਐਡਜਸਟਮੈਂਟਾਂ ਅਤੇ 3,000 ਅਧਿਆਪਕ ਅਤੇ 1,500 ਵਿੱਦਿਅਕ ਸਹਾਇਕ ਭਰਤੀ ਕਰਨ ਦੀ ਵਿਵਸਥਾ ਕਰਦੀਆਂ ਹਨ। ਇਹ ਸਮੂਹਿਕ ਸਮਝੌਤਾ 1 ਸਤੰਬਰ 2024 ਤੋਂ 31 ਅਗਸਤ 2028 ਤੱਕ ਲਾਗੂ ਰਹੇਗਾ।

"ਲੇਬਰ ਸਥਿਰਤਾ ਦਾ ਸਮਾਂ ਹੁਣ ਹੈ। ਇਹ ਵਿਧਾਨ ਇਕ ਵਿਘਨਮਈ ਸਕੂਲੀ ਵਰ੍ਹੇ ਦੇ ਬਾਵਜੂਦ ਅਗਾਂਹ ਦਾ ਇਕ ਸਾਕਾਰਾਤਮਕ ਰਸਤਾ ਪ੍ਰਦਾਨ ਕਰਦਾ ਹੈ। ਇਹ ਇਕ ਜ਼ਰੂਰੀ ਕਦਮ ਹੈ ਅਤੇ ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਲਈ ਇਕ ਸਭ ਤੋਂ ਵੱਧ ਜ਼ਿੰਮੇਵਾਰਾਨਾ ਫੈਸਲਾ ਹੈ। ਜੇ ਬਿੱਲ 2 ਪਾਸ ਹੋ ਜਾਂਦਾ ਹੈ, ਇਹ ਮੇਰੀ ਉਮੀਦ ਹੈ ਕਿ ਕਲਾਸਾਂ ਛੇਤੀ ਤੋਂ ਛੇਤੀ ਬੁੱਧਵਾਰ 29 ਅਕਤੂਬਰ ਤੋਂ ਮੁੜ ਚਾਲੂ ਹੋ ਜਾਣਗੀਆਂ।"
*Nate Horner, ਪ੍ਰੈਜ਼ੀਡੈਂਟ ਆਫ ਟ੍ਰਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

Classification: Public

# ਨਿਊਜ਼ ਰਿਲੀਜ਼

ਐਲਬਰਟਾ ਟੀਚਰਜ਼ ਐਸੋਸੀਏਸ਼ਨ ਵੱਲੋਂ ਟੇਬਲ 'ਤੇ ਲਿਆਂਦੀ ਗਈ ਆਖਰੀ ਡੀਲ ਸਰਕਾਰ ਕੋਲੋਂ 2 ਬਿਲੀਅਨ ਡਾਲਰ ਵਧੀਕ ਦੀ ਮੰਗ ਕਰਦੀ ਹੈ। ਇਹ ਸਪੱਸ਼ਟ ਦਿਖਾਉਂਦਾ ਹੈ ਕਿ ਯੂਨੀਅਨ ਦੀ ਸਰਕਾਰ ਨਾਲ ਵਾਜਬ ਰੂਪ 'ਚ ਸੌਦੇਬਾਜ਼ੀ ਕਰਨ ਅਤੇ ਇਕ ਵਾਜਬ ਪੇਸ਼ਕਸ਼ ਦੇਣ ਦੀ ਕੋਈ ਮਨਸ਼ਾ ਨਹੀਂ।

"ਸਾਡਾ ਵਿਸ਼ਵਾਸ਼ ਹੈ ਕਿ ਅਧਿਆਪਕਾਂ ਦੀ ਹੜਤਾਲ ਦੁਆਰਾ ਪੈਦਾ ਹੋਈ ਗੈਰ-ਵਾਜਿਬ ਮੁਸ਼ਕਿਲ ਨੂੰ ਖਤਮ ਕਰਨ ਲਈ ਨਾਟਵਿੱਦਸਟੈਂਡਿੰਗ ਕਲਾਜ਼ ਨੂੰ ਲਿਆਉਣਾ ਇਕ ਜ਼ਰੂਰੀ ਉਪਾਅ ਹੈ। ਹੜਤਾਲ ਉਸ ਪੁਆਇੰਟ ਤੱਕ ਪਹੁੰਚ ਚੁੱਕੀ ਹੈ ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਪੂਰਾ ਨਾ ਹੋਣ ਵਾਲਾ ਨੁਕਸਾਨ ਹੋ ਰਿਹਾ ਹੈ। ਸਾਡੀ ਸਰਕਾਰ ਵਿਦਿਆਰਥੀਆਂ ਦੇ ਹੱਕ ਵਿਚ ਕਿਸੇ ਵੀ ਉਪਲਬਧ ਕਾਨੂੰਨੀ ਸੰਦ ਨੂੰ ਵਰਤਣ ਤੋਂ ਗੁਰੇਜ਼ ਨਹੀਂ ਕਰੇਗੀ।"
*Mickey Amery, ਮਿਨਿਸਟਰ ਆਫ ਜਸਟਿਸ ਐਂਡ ਅਟਾਰਨੀ ਜਰਨਲ*

ਇਹ ਵਿਧਾਨ ਸਥਿਰਤਾ ਨੂੰ ਮੁੜ-ਸਥਾਪਤ ਕਰਨ, ਵਿਦਿਆਰਥੀਆਂ ਦੀ ਪੜ੍ਹਾਈ ਦੀ ਸੁਰੱਖਿਆ ਅਤੇ ਐਲਬਰਟਾ ਦੇ ਕਲਾਸਰੂਮਾਂ ਦਾ ਧਿਆਨ ਵਾਪਸ ਪੜ੍ਹਾਈ ਉੱਪਰ ਲਿਆਉਣ ਲਈ ਕੇਵਲ ਤੇ ਕੇਵਲ ਅਗਾਂਹ ਦਾ ਜ਼ਿੰਮੇਵਾਰਾਨਾ ਰਸਤਾ ਹੈ। ਐਲਬਰਟਾ ਸਰਕਾਰ ਆਪਣੇ ਬਣਾਏ ਹਰੇਕ ਫੈਸਲੇ ਦੇ ਕੇਂਦਰ 'ਚ ਵਿੱਦਿਅਕ ਪ੍ਰਬੰਧ ਨੂੰ ਮਜ਼ਬੂਤ ਕਰਨ, ਅਧਿਆਪਕਾਂ ਦੀ ਸਹਾਇਤਾ ਕਰਨ ਅਤੇ ਵਿਦਿਆਰਥੀਆਂ ਦੀ ਕਾਮਯਾਬੀ ਅਤੇ ਸਿਹਤਯਾਬੀ ਨੂੰ ਰੱਖਣ ਵਾਸਤੇ ਪੂਰੀ ਤਰ੍ਹਾਂ ਵਚਨਬੱਧ ਹੈ।

## ਪ੍ਰਮੁੱਖ ਤੱਤ:

- ਬਿੱਲ 2 ਅਧਿਆਪਕਾਂ ਦੀ ਸੂਬੇ ਭਰ ਵਿਚਲੀ ਹੜਤਾਲ ਨੂੰ ਖਤਮ ਕਰੇਗਾ ਅਤੇ ਨਵੇਂ ਸਮੂਹਿਕ ਸਮਝੌਤੇ ਨੂੰ ਵਿਧਾਨਿਕ ਬਣਾਏਗਾ।
- ਇਹ ਸਮਝੌਤਾ 1 ਸਤੰਬਰ 2024 ਤੋਂ 31 ਅਗਸਤ 2028 ਤੱਕ ਦੇ ਸਮੇਂ ਨੂੰ ਕਵਰ ਕਰਦਾ ਅਤੇ ਹੇਠ ਲਿਖਿਆ ਕੁਝ ਮੁਹੱਈਆ ਕਰਦਾ ਹੈ:
  - ਚਾਰ ਸਾਲਾਂ ਦੌਰਾਨ ਤਨਖਾਹ 'ਚ 12 ਪ੍ਰਤੀਸ਼ਤ ਵਾਧਾ।
  - 95 ਪ੍ਰਤੀਸ਼ਤ ਮੈਂਬਰਾਂ ਲਈ 17 ਪ੍ਰਤੀਸ਼ਤ ਤੱਕ ਦੀਆਂ ਮਾਰਕੀਟ ਐਡਜਸਟਮੈਂਟਾਂ।
  - ਕਲਾਸ ਸਾਈਜ਼ ਘਟਾਉਣ ਅਤੇ ਵਧੇਰੇ ਸਹਾਇਤਾ ਪ੍ਰਦਾਨ ਕਰਨ ਲਈ 3,000 ਨਵੇਂ ਅਧਿਆਪਕ ਅਤੇ 1,500 ਵਿੱਦਿਅਕ ਸਹਾਇਕ।
- ਇਹ ਸ਼ਰਤਾਂ ਐਲਬਰਟਾ ਟੀਚਰਜ਼ ਐਸੋਸੀਏਸ਼ਨ ਲੀਡਰਸ਼ਿੱਪ ਵੱਲੋਂ ਸਿਫਾਰਸ਼ ਕੀਤੇ ਗਏ ਸਤੰਬਰ 2025 ਦੇ ਅਸਥਾਈ ਸਮਝੌਤੇ ਦੀਆਂ ਸ਼ਰਤਾਂ ਨੂੰ ਦਰਸਾਉਂਦੀਆਂ ਹਨ।
- ਇਸ ਵਿਧਾਨ 'ਚ ਪਾਲਣਾ ਨਾ ਕਰਨ 'ਤੇ ਵਿੱਤੀ ਦੰਡ ਸ਼ਾਮਲ ਹਨ ਅਤੇ ਇਹ 2028 ਤੱਕ ਲੇਬਰ ਸਥਿਰਤਾ ਨੂੰ ਯਕੀਨੀ ਬਣਾਉਣ ਵਾਸਤੇ ਸਮਝੌਤੇ ਦੌਰਾਨ ਕੀਤੀਆਂ ਸਥਾਨਕ ਸੌਦੇਬਾਜ਼ੀਆਂ ਨੂੰ ਮੁਅਤਲ ਕਰਦਾ ਹੈ।

# ਨਿਊਜ਼ ਰਿਲੀਜ਼

**ਮੀਡੀਆ ਇੰਨਕੁਆਰੀਆਂ**

Sam Blackett
Sam.Blackett@gov.ab.ca
587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਾ ਪ੍ਰੀਮੀਅਰ

Marisa Breeze
Marisa.Breeze@gov.ab.ca
780-235-4427
ਪ੍ਰੈੱਸ ਸੈਕਰੇਟਰੀ, ਟ੍ਰਈਜ਼ਰੀ ਬੋਰਡ ਐਂਡ ਫਾਇਨੈਂਸ

Heather Jenkins
Heather.Jenkins@gov.ab.ca
780-245-0421
ਪ੍ਰੈੱਸ ਸੈਕਰੇਟਰੀ, ਜਸਟਿਸ